# ਜਿਲ੍ਹਾ ਨਵਾਂਸ਼ਹਿਰ ਦੀ ਆਰਥਿਕ ਸਮੀਖਿਆ – 2006.

ਜਿਲ੍ਹਾ ਨਵਾਸ਼ਹਿਰ 7 ਨਵੰਬਰ 1995 ਨੂੰ ਹੋਂਦ ਵਿੱਚ ਆਇਆ ਸੀ 2001 ਦੀ ਮਰਦਮਸੁਮਾਰੀ ਦੇ ਅੰਕੜਿਆਂ ਅਨੁਸਾਰ ਇਸ ਜਿਲ੍ਹੇ ਦੀ ਆਬਾਦੀ 587468 ਹੈ । ਇਸ ਵਿੱਚ ਪੁਰਸ਼ 306902 ਅਤੇ ਔਰਤਾਂ 280566 ਹਨ ਅਤੇ ਘਰਾਂ ਦੀ ਕੁੱਲ ਗਿਣਤੀ 92560 ਹੈ ।ਪੁਰਸ਼ ਅਤੇ ਇਸਤਰੀਆਂ ਦੀ ਅਨੁਪਾਤ ਦਰ 91.42 % ਹੈ ।

**ਭੂਗੋਲਿਕ ਸਥਿਤੀ:** ਜਿਲ੍ਹਾ ਨਵਾਸ਼ਹਿਰ 38.8 ਡਿਗਰੀ ਅਤੇ 33.2 ਡਿਗਰੀ ਉੱਤਰੀ ਲੈਟੀਚਿਊਡ ਅਤੇ 75.9 ਡਿਗਰੀ ਅਤੇ 76.4 ਡਿਗਰੀ ਪੂਰਬੀ ਲੌਗੀਚਿਊਡ ਵਿੱਚ ਸਥਿਤ ਹੈ । ਇਸ ਦੇ ਉੱਤਰ ਵਿੱਚ ਜਿਲ੍ਹਾ ਹੁਸ਼ਿਆਰਪੁਰ, ਪੂਰਬ ਵਿੱਚ ਰੋਪੜ, ਦੱਖਣ ਵਿੱਚ ਲੁਧਿਆਣਾ ਅਤੇ ਪੱਛਮ ਵਿੱਚ ਜਲੰਧਰ ਸਥਿਤ ਹੈ ਜਿਲ੍ਹੇ ਦੀਆਂ ਦੋ ਤਹਿਸੀਲਾਂ ਬਲਾਚੌਰ ਅਤੇ ਨਵਾਂਸ਼ਹਿਰ ਹਨ । ਇਸ ਦੀ ਇੱਕ ਸਬ ਤਹਿਸੀਲ ਬੰਗਾ ਹੈ ਜਿਲ੍ਹੇ ਵਿੱਚ ਚਾਰ ਨਗਰਪਾਲਿਕਾਵਾਂ ਅਤੇ ਤਿੰਨ ਮਾਰਕੀਟ ਕਮੇਟੀਆਂ ਹਨ ।

ਜਿਲ੍ਹੇ ਵਿੱਚ ਜੰਗਲਾਤ ਦਾ ਰਕਬਾ ਨਾ ਮਾਤਰ ਹੈ ਪ੍ਰੰਤੂ ਫਿਰ ਵੀ ਸੜਕਾਂ , ਨਹਿਰਾਂ ਅਤੇ ਖੇਤਾਂ ਦੇ ਬੰਨਿਆਂ ਤੇ ਆਮ ਦਰਖਤ ਪਾਏ ਜਾਂਦੇ ਹਨ ।ਸਾਲ 2004-05 ਦੌਰਾਨ ਰਕਬਾ ਲੱਗਭੱਗ 15 ਕਿ. ਮੀ. ਬਣਦਾ ਹੈ ਜੋ ਕਿ ਕੁੱਲ ਰਕਬੇ ਦਾ 1.02 % ਬਣਦਾ ਹੈ ।

**ਸਿੱਖਿਆ:** ਵਿਦਿਆ ਦੇ ਖੇਤਰ ਵਿੱਚ ਨਵਾਂਸ਼ਹਿਰ ਪੰਜਾਬ ਦੇ ਤੀਜੇ ਨੰਬਰ ਤੇ ਹੈ ਸਾਲ 2004-05 ਦੌਰਾਨ 102 ਹਾਈ/ਸੀਨੀਅਰ ਸੈਕੰਡਰੀ ਸਕੂਲ, 91 ਮਿਡਲ ਸਕੂਲ ਅਤੇ 424 ਪ੍ਰਾਇਮਰੀ ਸਕੂਲ ਹਨ ।

**ਖੇਤੀਬਾੜੀ:** ਨਵਾਂਸ਼ਹਿਰ ਜਿਲ੍ਹੇ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਤੇ ਨਿਰਭਰ ਕਰਦੀ ਹੈ । ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ । 2001 ਦੀ ਮਰਦਮਸੁਮਾਰੀ ਅਨੁਸਾਰ 263698 ਕਾਮਿਆ ਵਿੱਚੋਂ 73334 ਕਾਮੇ ਖੇਤੀਬਾੜੀ ਨਾਲ ਸਬੰਧਤ ਸਨ । ਇੱਥੋਂ ਦੀਆਂ ਮੁੱਖ ਫਸਲਾਂ ਕਣਕ, ਝੋਨਾ, ਗੰਨਾ ਅਤੇ ਮੱਕੀ ਆਦਿ ਹਨ। ਦਾਲਾਂ ਸਬਜੀਆਂ ਅਤੇ ਬਾਗਾਂ ਅਧੀਨ ਰਕਬਾ ਬਹੁਤ ਘੱਟ ਹੈ ਸਿੰਚਾਈ ਦੇ ਮੁੱਖ ਸਾਧਨ ਟਿਊਬਵੈਲ ਅਤੇ ਨਹਿਰਾਂ ਹਨ । ਸਾਲ 2005-06 ਵਿੱਚ ਜਿਲ੍ਹਾ ਨਵਾਂਸ਼ਹਿਰ ਰਾਹੀਂ ਉਤਪਾਦਿਤ ਵੱਖ ਵੱਖ ਫਸਲਾਂ ਅਧੀਨ ਕੁੱਲ ਰਕਬਾ 86400 ਹੈਕਟੇਅਰ ਹੈ ਜਿਸ ਵਿੱਚੋਂ ਸਿੰਚਾਈ ਅਧੀਨ 85800 ਹੈਕਟੇਅਰ ਬਣਦਾ ਹੈ ।ਖੇਤੀਬਾੜੀ ਲਈ ਕਾਸਤਕਾਰਾਂ ਵੱਲੋਂ ਸੁਧਰੇ ਹੋਏ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ ।ਸਾਲ 2004-05 ਵਿੱਚ ਖੇਤੀਬਾੜੀ ਲਈ ਹੇਠ ਲਿਖੇ ਸੰਦ ਮੁੱਖ ਤੌਰ ਤੇ ਵਰਤੋਂ ਵਿੱਚ ਲਿਆਂਦੇ ਗਏ ਹਨ :

| ਸਾਲ | ਬਿਜਲੀ ਨਾਲ ਚੱਲਣ ਵਾਲੇ ਟਿਊਬਵੈਲ | ਡੀਜਲ ਨਾਲ ਚੱਲਣ ਵਾਲੇ ਟਿਊਬਵੈਲ | ਟ੍ਰੈਕਟਰ | ਥ੍ਰੈਸ਼ਰ | ਕੰਬਾਈਨ |
|---|---|---|---|---|---|
| 2004-05 | 19243 | 10620 | 7848 | 4038 | 65 |

ਖੇਤੀਬਾੜੀ ਦੇ ਉਤਪਾਦਨ ਨੂੰ ਠੀਕ ਢੰਗ ਨਾਲ ਸੰਭਾਲਣ ਲਈ ਨਵਾਂਸ਼ਹਿਰ ਵਿੱਚ ਤਿੰਨ ਰੈਗੂਲੇਟਡ ਮੰਡੀਆਂ, ਨਵਾਂਸ਼ਹਿਰ ਬੰਗਾ ਅਤੇ ਬਲਾਚੌਰ ਹਨ ਇਸ ਤੋਂ ਇਲਾਵਾ 22 ਸਬ ਜਾਰਡ ਹਨ ਹਰ ਮੰਡੀ ਪਿੱਛੇ ਪਿੰਡਾਂ ਦੀ ਔਸਤ ਗਿਣਤੀ 155 ਹੈ ਅਤੇ ਘੋਸ਼ਿਤ ਰਕਬਾ 419 ਵਰਗ ਕਿ. ਮੀ. ਹੈ ਖੇਤੀਬਾੜੀ ਨਾਲ ਸਹਾਇਕ ਧੰਦਿਆਂ ਵਜੋਂ ਮਧੂ ਮੱਖੀ ਪਾਲਣ ਪੋਲਟਰੀ ਫਾਰਮਿੰਗ ਅਤੇ ਡੇਅਰੀ ਫਾਰਮਿੰਗ ਦਾ ਕੰਮ ਵੀ ਕਾਫੀ ਪ੍ਰਚੱਲਿਤ ਹੈ । ਪਿੰਡ ਖਟਕੜ ਕਲਾਂ ਅਤੇ ਬਲਾਚੌਰ ਵਿਖੇ ਸਰਕਾਰ ਵੱਲੋਂ ਮਿਲਕ ਚਿਲਿੰਗ ਸੈਂਟਰ ਖੋਲ੍ਹੇਂ ਗਏ ਹਨ ਅਤੇ ਇੱਕੋ ਇੱਕ ਮਿਲਕ ਪਲਾਂਟ ਐਚ ਐਸ ਬੀ ਮਿਲਕ ਫੂਡਜ਼ ਲਿਮਿਟਡ ਕਾਹਮਾ ਵਿਖੇ ਹੈ ।ਇਸੇ ਤਰ੍ਹਾ ਮੁਰਗੀ ਪਾਲਣ ਅਤੇ ਮੱਛੀ ਪਾਲਣ ਅਧੀਨ ਪ੍ਰੋਜ਼ੈਕਟ ਅਫ਼ਸਰ ਇਨ੍ਹਾ ਸਕੀਮਾਂ ਦੀ ਜਾਣਕਾਰੀ ਅਤੇ ਕਰਜਾ ਸਹੂਲਤਾਂ ਪ੍ਰਦਾਨ ਕਰਦੇ ਹਨ ।

**ਸੜਕਾਂ ਅਤੇ ਆਵਾਜਾਈ:** ਆਰਥਿਕ ਅਤੇ ਸਮਾਜਿਕ ਪ੍ਰਗਤੀ ਵਿੱਚ ਉਤਸਾਹ ਲਿਆਉਣ ਲਈ ਅਤੇ ਇਲਾਕਾਈ ਅਸਮਾਨਤਾ ਦੂਰ ਕਰਨ ਲਈ ਸੜਕਾਂ ਅਤੇ ਆਵਾਜਾਈ ਪੱਖੋਂ ਇਸ ਜਿਲ੍ਹੇ ਨੇ ਕਾਫੀ ਤਰੱਕੀ ਕੀਤੀ ਹੈ । ਛੋਟੇ ਵੱਡੇ ਸਭ ਪਿੰਡਾਂ ਨੂੰ ਸ਼ਹਿਰਾਂ ਨਾਲ ਜ਼ੋੜ ਕੇ ਸ਼ਹਿਰੀ ਸੱਭਿਆਚਾਰ ਨੂੰ ਪਿੰਡਾਂ ਤੱਕ ਪਹੁੰਚਾਇਆ ਹੈ ਪ੍ਰਤੀ ਲੱਖ ਵਿਅਕਤੀਆ ਪਿੱਛੇ 1242 ਕਿ. ਮੀ. ਸੜਕਾਂ ਹਨ । ਸੜਕਾ ਨਾਲ ਪਿੰਡਾਂ ਦੀ ਪ੍ਰਤੀਸ਼ਤਤਾ 98.99 % ਹੈ । ਜਿਲ੍ਹਾ ਨਵਾਸਹਿਰ ਰਾਜ / ਦੇਸ਼ ਦੇ ਹੋਰ ਹਿੱਸਿਆਂ ਨਾਲ ਰੇਲਾਂ ਅਤੇ ਸੜਕਾਂ ਨਾਲ ਜ਼ੁੜਿਆ ਹੋਇਆ ਹੈ ਇਸ ਜਿਲ੍ਹੇ ਵਿੱਚ ਪੰਜਾਬ ਰੋਡਵੇਜ਼ ਦਾ ਡਿਪੂ ਵੀ ਮੌਜ਼ੂਦ ਹੈ ।

**ਬਿਜਲੀ:** ਹਰੀ ਕ੍ਰਾਂਤੀ ਅਤੇ ਇੰਡਸਟਰੀ ਵਿੱਚ ਕ੍ਰਾਂਤੀ ਲਿਆਉਣ ਲਈ ਬਿਜਲੀ ਦੀ ਮੁੱਖ ਭੂਮਿਕਾ ਹੈ ਸ਼ਹਿਰਾਂ ਕਸਬਿਆਂ ਅਤੇ ਪਿੰਡਾਂ ਨੂੰ ਕੁੱਲ ਮਿਲਾ ਕੇ ਬਿਜਲੀ ਦੀ ਦਰ 100 % ਹੈ ।

**ਸਿਹਤ ਅਤੇ ਪਰਿਵਾਰ ਭਲਾਈ:** ਆਰਥਿਕ ਅਤੇ ਸਮਾਜਿਕ ਉੱਨਤੀ ਨੂੰ ਮੁੱਖ ਰੱਖਦਿਆਂ ਡਾਕਟਰੀ ਸਹੂਲਤਾਂ ਦਾ ਸਮੇਂ ਸਿਰ ਮਿਲਣਾ ਅਤੀ ਜਰੂਰੀ ਹੈ ਰਕਬਾ ਮਲਕੀਅਤ ਹਸਪਤਾਲ ਮੁੱਢਲੇ ਸਿਹਤ ਕੇਂਦਰ ਅਤੇ ਡਿਸਪੈਂਸਰੀਆਂ ਅਨੁਸਾਰ ਛ੍ਰੇਣੀਵਧ ਕੀਤੀਆ ਮੈਡੀਕਲ ਸੰਸਥਾਵਾਂ ਹੇਠ ਲਿਖੇ ਅਨੁਸਾਰ ਹਨ:

| ਦਿਹਾਤੀ | ਸ਼ਹਿਰੀ | ਵਲੰਟਰੀ ਸੰਸਥਾਵਾਂ | ਹਸਪਤਾਲ | ਪੀ ਐਚ ਸੀ/ਮਿਨੀ ਪੀ ਐਚ ਸੀ | ਡਿਸਪੈਂਸਰੀਆਂ | ਹਸਪਤਾਲ/ ਸੀ ਐਚ ਸੀ/ਐਚ ਸੀ ਸੀ/ ਪੀ ਐਚ ਸੀ |
|---|---|---|---|---|---|---|
| 75 | 6 | 1 | 5 | 15 | 149 | 2 |

ਜਿਲ੍ਹਾ ਨਵਾਂਸ਼ਹਿਰ ਵਿੱਚ ਪ੍ਰਤੀ ਹਜ਼ਾਰ ਆਬਾਦੀ ਪਿੱਛੇ 0.8 ਬੈੱਡ ਹਨ ।

**ਬੈਂਕਿੰਗ:** ਸਮਾਜਿਕ ਅਤੇ ਆਰਥਿਕ ਉੱਨਤੀ ਦੇ ਰਾਹ ਵਿੱਚ ਬੈਂਕਾਂ ਰੀੜ ਦੀ ਹੱਡੀ ਦਾ ਕੰਮ ਕਰਦੀਆ ਹਨ । ਮੌਜ਼ੂਦਾ ਸਮੇਂ ਜਿਲ੍ਹੇ ਵਿੱਚ ਚਾਰ ਸਟੇਟ ਬੈਂਕ ਆਫ ਇੰਡੀਆ, 11 ਸਟੇਟ ਬੈਂਕ ਆਫ ਪਟਿਆਲਾ, 20 ਪੰਜਾਬ ਨੈਸ਼ਨਲ ਬੈਂਕ, 45 ਹੋਰ ਵਪਾਰਿਕ ਬੈਂਕ ਅਤੇ 44 ਸਹਿਕਾਰੀ ਬੈਂਕ ਹਨ । ਇਸ ਤੋਂ ਇਲਾਵਾ ਨਵਾਂਸ਼ਹਿਰ ਜਿਲ੍ਹੇ ਵਿੱਚ ਹਰ ਤਰ੍ਹਾ ਦੇ ਬੈਂਕਾਂ ਦੀਆ ਬ੍ਰਾਂਚਾਂ ਸਥਿੱਤ ਹਨ ।

**ਜਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ :** ਜਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਨੇ ਯੋਜਨਾ ਦੇ ਵਿਕੇਂਦਰੀ ਕਰਨ ਹੋਣ ਤੋਂ ਬਾਦ ਕਾਫੀ ਸ਼ਲਾਘਾਯੋਗ ਕੰਮ ਕੀਤਾ ਹੈ । ਜਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੇ ਚੇਅਰਮੈਨ ਕੈਬਨਿਟ ਮੰਤਰੀ, ਡਿਪਟੀ ਕਮਿਸ਼ਨਰ ਕਮ ਮੈਂਬਰ ਸਕੱਤਰ ਵਿਧਾਨਕਾਰ ਅਤੇ ਲੋਕ ਸਭਾ ਮੈਂਬਰ ਇਸ ਦੇ ਮੈਂਬਰ ਹਨ ਇਸ ਤੋਂ ਇਲਾਵਾ ਚਾਰ ਹੋਰ ਗੈਰ ਸਰਕਾਰੀ ਮੈਂਬਰ ਇਸ ਬੋਰਡ ਦੇ ਮੈਂਬਰ ਨਾਮਜਦ ਕੀਤੇ ਜਾਂਦੇ ਹਨ ਇਸ ਤੋਂ ਇਲਾਵਾ ਇਸ ਬੋਰਡ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਜਿਲ੍ਹੇ ਦੇ ਸਮੂਹ ਮੁਖੀ ਅਫ਼ਸਰ ਸਰਕਾਰੀ ਮੈਂਬਰ ਹੁੰਦੇ ਹਨ ਉਪ ਅਰਥ ਅਤੇ ਅੰਕੜਾ ਸਲਾਹਕਾਰ ਵੱਲੋਂ ਜਿਲ੍ਹਾ ਸਕੱਤਰੇਤ ਸਰਵਿਸਜ਼ ਪ੍ਰਦਾਨ ਕੀਤੀਆਂ ਜਾਦੀਆ ਹਨ । ਬੋਰਡ ਦੇ ਕਾਰਜ ਇਸ ਪ੍ਰਕਾਰ ਹੁੰਦੇ ਹਨ ।

1. ਲੋਕਾਂ ਦੀਆਂ ਸਥਾਨਿਕ ਲੋੜਾ ਦੇ ਆਧਾਰ ਤੇ ਜਿਲ੍ਹਾ ਪਲਾਨ ਬਣਾਉਣੀ ।
2. ਵਿਕਾਸ ਪ੍ਰੋਜ਼ੈਕਟਾਂ ਨੂੰ ਅਮਲੀ ਰੂਪ ਦੇਣ ਲਈ ਪੰਚਾਇਤਾਂ ਅਤੇ ਸਬੰਧਤ ਸਥਾਨਿਕ ਸੰਸਥਾਵਾਂ ਦਾ ਹਰ ਪੱਖੋਂ ਸਹਿਯੋਗ ਪ੍ਰਾਪਤ ਕਰਨਾ।
3. ਪਿੰਡਾਂ ਅਤ੍ਰੇ ਸ਼ਹਿਰਾਂ ਦੇ ਵਿਕਾਸ ਲਈ ਬੰਧਨ ਮੁਕਤ ਫੰਡਾਂ ਤਹਿਤ ਫੰਡ ਰਲੀਜ਼ ਕਰਨੇ ।
4. ਪ੍ਰੋਜ਼ੈਕਟਾਂ ਦੀ ਪੂਰਤੀ ਦਾ ਨਿਰੀਖਣ ਕਰਨਾ ਆਦਿ ।